
# ਧਾਰਮਿਕ ਥਾਂਵਾਂ ਦੀ ਸੁਰੱਖਿਆ ਕਰਨਾ:

## ਲਕਸ਼ਿਤ ਹਿੰਸਾ ਦੇ ਖਿਲਾਫ਼ ਸੁਰੱਖਿਆ ਨੂੰ ਵਧਾਉਣ ਲਈ ਛੇ ਕਦਮ



## ਸਮੀਖਿਆ

ਇਹ ਦਸਤਾਵੇਜ਼ ਉਨ੍ਹਾਂ ਕਾਰਵਾਈਆਂ ਦੀ ਰੂਪਰੇਖਾ ਦਰਸਾਉਂਦਾ ਹੈ ਜੋ ਧਾਰਮਿਕ ਸੰਸਥਾਵਾਂ ਅਤੇ ਕਮਿਊਨਿਟੀ ਲੀਡਰ ਹਿਫ਼ਾਜ਼ਤ ਨੂੰ ਵਧਾਉਣ ਲਈ ਕਰ ਸਕਦੇ ਹਨ। ਇਹ ਛੇ ਕਦਮ ਧਾਰਮਿਕ ਥਾਂਵਾਂ ਨੂੰ ਲਕਸ਼ਿਤ ਹਿੰਸਾ ਦੇ ਸੰਭਾਵੀ ਖਤਰਿਆਂ ਤੋਂ ਇੱਕ ਲਾਗਤ-ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਅਤ ਕਰਨ ਵਿੱਚ ਮਦਦ ਕਰ ਸਕਦੇ ਹਨ ਜੋ ਇੱਕ ਖੁੱਲ੍ਹੇ ਅਤੇ ਸੁਆਗਤ ਕਰਨ ਵਾਲੇ ਮਾਹੌਲ ਨੂੰ ਕਾਇਮ ਰੱਖਦੇ ਹਨ।

## ਅੱਗੇ ਦੀ ਯੋਜਨਾ ਪਹਿਲਾਂ ਤੋਂ ਬਣਾਉਣਾ

ਇਨ੍ਹਾਂ ਛੇ ਕਦਮਾਂ ਦੀ ਪਾਲਣਾ ਕਰਕੇ ਧਾਰਮਿਕ ਥਾਂਵਾਂ ਨੂੰ ਸੰਭਾਵੀ ਖ਼ਤਰਿਆਂ ਨੂੰ ਬਿਹਤਰ ਢੰਗ ਨਾਲ ਸਮਝਣ, ਪ੍ਰਤੀਕਿਰਿਆ ਯੋਜਨਾ ਤਿਆਰ ਕਰਨ, ਅਤੇ ਸੁਰੱਖਿਆ ਲਈ ਵਾਧੂ ਸੋਮਿਆਂ ਬਾਰੇ ਪਤਾ ਲਗਾਉਣ ਵਿੱਚ ਮਦਦ ਮਿਲੇਗੀ।

## ਜੇਕਰ ਕੋਈ ਘਟਨਾ ਵਾਪਰਦੀ ਹੈ

ਤੁਰੰਤ 9-1-1 ਨੂੰ ਕਾੱਲ ਕਰੋ। ਐਮਰਜੈਂਸੀ ਵੇਲੇ ਦੀ ਕਾਰਵਾਈ ਯੋਜਨਾ ਨੂੰ ਲਾਗੂ ਕਰੋ। ਹਰ ਕਰਮਚਾਰੀ ਅਤੇ ਵਲੰਟੀਅਰ ਜੋ ਐਮਰਜੈਂਸੀ ਵੇਲੇ ਕੰਮ ਕਰਦਾ/ਦੀ ਹੈ, ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸਨੂੰ ਕਿਵੇਂ ਅਤੇ ਕਦੋਂ ਕਰਨਾ ਹੈ; ਇਸ ਵਿੱਚ ਜਾਨ ਬਚਾਉਣ ਦੀਆਂ ਪ੍ਰਕਿਰਿਆਵਾਂ ਸ਼ਾਮਲ ਹੋ ਸਕਦੀਆਂ ਹਨ। ਐਮਰਜੈਂਸੀ ਪ੍ਰਬੰਧਨ ਏਜੰਸੀ (FEMA) ਤੁਸੀਂ ਆਪ ਹੀ ਮਦਦ ਹੋ ਜਦੋਂ ਤੱਕ ਕਿ ਮਦਦ ਪਹੁੰਚਦੀ ਹੈ ਪਾਠਕ੍ਰਮ ਅਤੇ ਸੁਰੱਖਿਆ ਵਿਭਾਗ ਦਾ STOP THE BLEED® ਪ੍ਰੋਗਰਾਮ ਜੀਵਨ ਦੀ ਰੱਖਿਆ ਕਰਨ ਵਾਲਿਆਂ ਫਰਸਟ-ਏਡ ਤਕਨੀਕਾਂ ਸਿਖਾਉਂਦਾ ਹੈ ਜਿਨ੍ਹਾਂ ਨੂੰ ਯੋਜਨਾਬੰਦੀ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਐਮਰਜੈਂਸੀ ਤੋਂ ਬਾਅਦ, ਘਟਨਾ ਦੀ ਰਿਪੋਰਟ ਆਪਣੇ ਸਥਾਨਕ ਫੈਡਰਲ ਬਿਊਰੋ ਔਫ਼ ਇਨਵੈਸਟੀਗੇਸ਼ਨ (FBI) ਦੇ ਫੀਲਡ ਦਫ਼ਤਰ, ਕਮਿਊਨਿਟੀ ਸਮੂਹਾਂ, ਅਤੇ ਸੰਬੰਧਿਤ ਵਿਸ਼ਵਾਸ-ਆਧਾਰਿਤ ਸੁਰੱਖਿਆ ਸੰਸਥਾਵਾਂ ਨੂੰ ਕਰੋ।

### ਕਦਮ 1 ਖ਼ਤਰੇ ਨੂੰ ਸਮਝਣਾ

- ਰਾਸ਼ਟਰੀ ਰੁਝਾਨਾਂ ਅਤੇ ਵਿਕਾਸ ਨੂੰ ਸਮਝਣ ਅਤੇ ਨਿਗਰਾਨੀ ਕਰਨ ਲਈ ਡਿਪਾਰਟਮੈਂਟ ਔਫ਼ ਹੋਮਲੈਂਡ ਸਿਕਿਓਰਿਟੀ (DHS) ਨੈਸ਼ਨਲ ਟੈਰਾਰਿਜ਼ਮ ਐਡਵਾਈਜ਼ਰੀ ਸਿਸਟਮ ਬੁਲੇਟਿਨ ਦੀ ਸਮੀਖਿਆ ਕਰੋ।
- ਸਥਾਨਕ ਖਤਰਿਆਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ, ਸਥਾਨਕ FBI ਫੀਲਡ ਦਫ਼ਤਰ DHS ਫਿਊਜ਼ਨ ਸੈਂਟਰਾਂ ਦੇ ਅੰਦਰ DHS ਇੰਟੈਲੀਜੈਂਸ ਅਧਿਕਾਰੀਆਂ, ਅਤੇ ਖੇਤਰ ਦੀਆਂ ਹੋਰ ਧਾਰਮਿਕ ਥਾਂਵਾਂ ਨਾਲ ਜੁੜੋ।
- ਸੰਭਾਵਿਤ ਕਮਜ਼ੋਰੀਆਂ ਦਾ ਪਤਾ ਲਗਾਉਣ ਲਈ ਉਸ ਥਾਂ ਦੀ ਸੁਰੱਖਿਆ ਦਾ ਸਵੈ-ਮੁਲਾਂਕਣ ਕਰੋ ਜਾਂ ਮੁਲਾਂਕਣ ਕਰਨ ਲਈ ਸਾਈਬਰ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਦੀ ਹਿਫ਼ਾਜ਼ਤ ਸੰਬੰਧੀ ਏਜੰਸੀ (CISA) ਸੁਰੱਖਿਆਤਮਕ ਹਿਫ਼ਾਜ਼ਤ ਸਲਾਹਕਾਰ ਜਾਂ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਸੰਪਰਕ ਕਰੋ।

### ਕਦਮ 2 ਆਪਣੀ ਥਾਂ ਨੂੰ ਸਮਝਣਾ

- ਇੱਕ ਬਹੁ-ਪੱਧਰ ਵਾਲੇ ਹਿਫ਼ਾਜ਼ਤ ਦ੍ਰਿਸ਼ਟੀਕੋਣ ਰਾਹੀਂ ਆਪਣੀ ਸਹੂਲਤ ਦਾ ਮੁਲਾਂਕਣ ਕਰੋ ਜੋ ਇਮਾਰਤ ਅਤੇ ਮੈਦਾਨਾਂ ਦੇ ਬਾਹਰਲੇ, ਮੱਧ ਅਤੇ ਅੰਦਰੂਨੀ ਘੇਰਿਆਂ ਨੂੰ ਸਮਝਦਾ ਹੈ।

### ਕਦਮ 3 ਇੱਕ ਯੋਜਨਾ ਵਿਕਸਿਤ ਕਰਨਾ ਅਤੇ ਉਸਦਾ ਅਭਿਆਸ ਕਰਨਾ

- ਉਨ੍ਹਾਂ ਕਦਮਾਂ ਦਾ ਰਿਕਾਰਡ[1] ਰੱਖਣ ਲਈ ਇੱਕ ਸੁਰੱਖਿਆ ਅਤੇ ਐਮਰਜੈਂਸੀ ਕਾਰਵਾਈ ਯੋਜਨਾ ਬਣਾਉਣਾ ਜੋ ਕਿਸੇ ਘਟਨਾ ਦੇ ਵਾਪਰਨ ਦੀ ਸਥਿਤੀ ਵਿੱਚ ਕਰਮਚਾਰੀ ਅਤੇ ਵਲੰਟੀਅਰ ਪ੍ਰਤੀਕਿਰਿਆ ਕਰਨ ਲਈ ਚੁੱਕਣਗੇ।
- ਉਨ੍ਹਾਂ ਕਾਰਵਾਈਆਂ ਬਾਰੇ ਮਾਸਪੇਸ਼ੀ ਦੀ ਯਾਦਦਾਸ਼ਤ ਬਣਾਉਣ ਲਈ ਯੋਜਨਾ ਦਾ ਅਭਿਆਸ ਕਰੋ ਜੋ ਕੋਈ ਘਟਨਾ ਵਾਪਰਨ ਵੇਲੇ ਕੀਤੀਆਂ ਜਾਣਗੀਆਂ।

### ਕਦਮ 4 ਸੁਆਗਤ ਕਰਨ ਵਾਲਿਆਂ ਨੂੰ ਸੂਚਿਤ ਕਰਨਾ ਅਤੇ ਸਿੱਖਿਅਤ ਕਰਨਾ

- ਸ਼ੱਕੀ ਵਿਵਹਾਰਾਂ ਦੀ ਪਛਾਣ ਕਰਨਾ ਅਤੇ ਸੰਭਾਵੀ ਤੌਰ 'ਤੇ ਤਣਾਅ ਨੂੰ ਘੱਟ ਕਰਨ ਵਾਲੀਆਂ ਤਕਨੀਕਾਂ ਰਾਹੀਂ ਸੰਭਾਵੀ ਹਮਲੇ ਨੂੰ ਰੋਕਣਾ।
- ਅੱਤਵਾਦ ਨਾਲ ਸੰਬੰਧਿਤ ਸ਼ੱਕੀ ਗਤੀਵਿਧੀ ਦੇ ਸੰਕੇਤਾਂ ਨੂੰ ਪਛਾਣਨਾ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਜਾਂ ਕਿਸੇ ਅਧਿਕਾਰੀ ਨੂੰ ਸ਼ੱਕੀ ਗਤੀਵਿਧੀ ਦੀ ਰਿਪੋਰਟ ਕਿਵੇਂ ਕਰਨੀ ਹੈ। ਬਹੁਤ ਸਾਰੇ ਰਾਜਾਂ (ਸਟੇਟ) ਨੇ ਅੱਤਵਾਦ ਨਾਲ ਸੰਬੰਧਿਤ ਸ਼ੱਕੀ ਗਤੀਵਿਧੀਆਂ ਦੀਆਂ ਰਿਪੋਰਟਾਂ ਇਕੱਠੀਆਂ ਕਰਨ ਲਈ ਇੱਕ ਵਿਲੱਖਣ "ਟਿਪ ਲਾਈਨ" ਵੀ ਕਾਇਮ ਕੀਤੀ ਹੈ।

### ਕਦਮ 5 ਗ੍ਰਾਂਟਸ (ਅਨੁਦਾਨਾਂ) ਦੀ ਭਾਲ ਕਰਨਾ

- ਗ੍ਰਾਂਟਸ ਲਈ ਅਰਜ਼ੀ ਦਿਓ ਜੋ ਸੁਰੱਖਿਆ ਲਈ ਨਵੇਂ ਸੋਮੇ ਪ੍ਰਦਾਨ ਕਰ ਸਕਦੀਆਂ ਹਨ।

### ਕਦਮ 6 ਨਫ਼ਰਤ ਕਾਰਨ ਹੋ ਰਹੇ ਅਪਰਾਧਾਂ ਅਤੇ ਹੋਰ ਘਟਨਾਵਾਂ ਦੀ ਰਿਪੋਰਟ ਕਰਨਾ

- ਨਫ਼ਰਤ ਕਾਰਨ ਹੋ ਰਹੇ ਅਪਰਾਧ ਜਾਂ ਕਿਸੇ ਹੋਰ ਅਪਰਾਧਿਕ ਘਟਨਾਵਾਂ ਦੀ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਅਤੇ FBI ਨੂੰ ਰਿਪੋਰਟ ਕਰੋ।

[1] ਉਦਾਹਰਨ ਟੈਮਪਲੇਟ ਜੋ ਐਕਟਿਵ ਸ਼ੂਟਰ-ਵਿਸ਼ਿਸ਼ਟ ਘਟਨਾਵਾਂ ਵੇਲੇ ਵਰਤਿਆ ਜਾ ਸਕਦਾ ਹੈ।

# ਸੋਮੇ

## ਧਾਰਮਿਕ ਥਾਂਵਾਂ ਦੀ ਸੁਰੱਖਿਆ ਕਰਨਾ

CISA ਧਰਮ-ਆਧਾਰਤ ਭਾਈਚਾਰਕ ਸੋਮੇ: cisa.gov/topics/physical-security/protecting-houses-worship

FBI ਐਕਟਿਵ ਸ਼ੂਟਰ ਹੋਣ ਵੇਲੇ ਸੁਰੱਖਿਆ ਸੋਮੇ:
fbi.gov/about/partnerships/office-of-partner-engagement/active-shooter-resources

CISA ਤਣਾਅ ਨੂੰ ਘੱਟ ਕਰਨਾ ਸੰਬੰਧੀ ਸੀਰੀਜ਼: cisa.gov/resources-tools/resources/de-escalation-series

CISA ਮਹੱਤਵਪੂਰਨ ਬੁਨਿਆਦੀ ਢਾਂਚਾ ਸੰਬੰਧੀ ਅਭਿਆਸ: cisa.gov/resources-tools/services/stakeholder-exercises

DHS ਰੋਕਥਾਮ ਸੋਮੇ ਨੂੰ ਖੋਜਣ ਵਾਲਾ: dhs.gov/prevention

ਨਿਆਂ ਵਿਭਾਗ (DOJ) ਨਫ਼ਰਤ ਕਾਰਨ ਹੋ ਰਹੇ ਅਪਰਾਧ ਦੀ ਰੋਕਥਾਮ ਅਤੇ ਲਾਗੂ ਕਰਨਾ: justice.gov/hatecrimes

DOJ ਧਾਰਮਿਕ ਥਾਂਵਾਂ ਦੀ ਸੁਰੱਖਿਆ ਕਰਨਾ ਸੰਬੰਧੀ ਪ੍ਰੋਗਰਾਮ: justice.gov/file/1376571/download

## ਗ੍ਰਾਂਟਸ

DHS ਲਕਸ਼ਿਤ ਹਿੰਸਾ ਅਤੇ ਅੱਤਵਾਦ ਤੋਂ ਰੋਕਥਾਮ ਸੰਬੰਧੀ ਗ੍ਰਾਂਟ ਪ੍ਰੋਗਰਾਮ: dhs.gov/tvtpgrants

ਨਫ਼ਰਤ ਕਾਰਨ ਹੋ ਰਹੇ ਅਪਰਾਧਾਂ ਦਾ ਮੁਕਾਬਲਾ ਕਰਨ ਲਈ DOJ ਗ੍ਰਾਂਟਸ: ojp.gov/doc/fy23-hate-crime-funding.pdf

FEMA ਗੈਰ-ਲਾਭਕਾਰੀ ਸੁਰੱਖਿਆ ਗ੍ਰਾਂਟ ਪ੍ਰੋਗਰਾਮ: fema.gov/grants/preparedness/nonprofit-security

ਪ੍ਰਬੰਧਨ ਅਤੇ ਬਜਟ ਦਾ ਦਫ਼ਤਰ (OMB): grants.gov

## ਸੂਚਿਤ ਰਹਿਣਾ

DHS ਨੈਸ਼ਨਲ ਟੈਰਰਿਜ਼ਮ ਐਡਵਾਈਜ਼ਰੀ ਸਿਸਟਮ: dhs.gov/national-terrorism-advisory-system

DHS TRIPwire (ਘਟਨਾ ਦੀ ਰੋਕਥਾਮ ਲਈ ਤਕਨੀਕੀ ਸੋਮਾ) tripwire.dhs.gov

ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦਾ ਦਫ਼ਤਰ (ODNI)
ਧਾਰਮਿਕ ਥਾਂਵਾਂ ਦੇ ਵਿਰੁੱਧ ਖਤਰੇ ਧਾਰਮਿਕ ਭਾਈਚਾਰਕ ਪਹੁੰਚ ਦੇ ਮਹੱਤਵ ਨੂੰ ਉਜਾਗਰ ਕਰਨਾ:
dni.gov/files/NCTC/documents/jcat/firstresponderstoolbox/129S_-_First_Responders_Toolbox_-_Threats_Against_Houses_of_Worship_Highlight_the_Importance_of_Religious_Community_Outreach.pdf

ODNI US ਹਿੰਸਕ ਅੱਤਵਾਦੀ ਗਤੀਸ਼ੀਲਤਾ ਸੂਚਕ (2021 ਐਡੀਸ਼ਨ):
dni.gov/files/NCTC/documents/news_documents/Mobilization_Indicators_Booklet_2021.pdf

## ਸ਼ੱਕੀ ਗਤੀਵਿਧੀਆਂ ਅਤੇ ਘਟਨਾਵਾਂ

FBI ਨੂੰ ਨਫ਼ਰਤ ਕਾਰਨ ਹੋਏ ਅਪਰਾਧਾਂ ਦੀ ਰਿਪੋਰਟ ਕਰਨਾ: tips.fbi.gov
1-800-CALL-FBI

DHS ਦਾ "If You See Something, Say Something®" (ਜੇ ਤੁਸੀਂ ਕੁੱਝ ਵੇਖਦੇ ਹੋ, ਤਾਂ ਉਸ ਬਾਰੇ ਅਵਾਜ਼ ਉਠਾਓ) ਅਭਿਆਨ: dhs.gov/see-something-say-something

## ਸੰਪਰਕ

CISA ਸੁਰੱਖਿਆਤਮਕ ਹਿਫ਼ਾਜ਼ਤ ਸਲਾਹਕਾਰ (PSAs):
ਆਪਣੇ ਖੇਤਰ ਵਿੱਚ PSA ਦਾ ਪਤਾ ਲਗਾਉਣ ਲਈ, central@cisa.dhs.gov ਨਾਲ ਸੰਪਰਕ ਕਰੋ ਜਾਂ ਇੱਥੇ ਜਾਓ
cisa.gov/resources-tools/programs/protective-security-advisor-psa-program
ਵਾਧੂ CISA ਖੇਤਰੀ ਸਹਾਇਤਾ ਲਈ cisa.gov/about/regions'ਤੇ ਜਾਓ

DHS ਇੰਟੈਲੀਜੈਂਸ ਅਫਸਰ (IOs):
ਆਪਣੇ ਖੇਤਰ ਵਿੱਚ IO ਦਾ ਪਤਾ ਲਗਾਉਣ ਲਈ, DHS.INTEL.ORI.OMT@hq.dhs.gov 'ਤੇ ਸੰਪਰਕ ਕਰੋ

FBI ਫੀਲਡ ਦਫ਼ਤਰ: fbi.gov/contact-us/field-offices

ਇਸ ਮਾਰਗਦਰਸ਼ਨ ਦੇ ਡਿਜੀਟਲ ਸੰਸਕਰਣ ਤੱਕ ਪਹੁੰਚ ਕਰਨ ਲਈ, ਹੇਠਾਂ ਦਿੱਤੇ QR ਕੋਡ 'ਤੇ ਜਾਓ: